Fair Advice Financial | Care
RDSP (Registered Disability Savings Plan)
Disabled person who is eligible for Disability Tax Credit
And who is 49 years old or younger.
By contributing in an RDSP Plan
he/she maybe eligible to receive up to $90,000 in government bonds & grants.
Contact:
647-951-7900
SUKHWINDER NAHAL CFP, CLU
Financial Planner
www.fairadvicefinancial.com

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
• Immigration
• Real Estate
• Commercial Law
• Affidavit
• Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600

To view our online newspaper visit punjabipost.ca/epaper | Vol 23* Issue 71 | Wednesday, April 17, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ




# ਲਿਬਰਲਾਂ ਨੇ ਹਾਊਸਿੰਗ ਸੰਕਟ ਨੂੰ ਖ਼ਤਮ ਕਰਨ ਵਾਲਾ ਬਜਟ ਕੀਤਾ ਪੇਸ਼

## ਬਿਜ਼ਨਸ ਗਰੁੱਪਜ਼ ਵੱਲੋਂ ਨਿਵੇਸ਼ ਘਟਣ ਦੀ ਦਿੱਤੀ ਗਈ ਚਿਤਾਵਨੀ

ਓਟਵਾ, 16 ਅਪਰੈਲ (ਪੋਸਟ ਬਿਊਰੋ) : ਹਾਊਸਿੰਗ ਉੱਤੇ ਹੱਦੋਂ ਵੱਧ ਖਰਚਾ ਕਰਨ ਦੀ ਯੋਜਨਾ ਦੇ ਬਾਵਜੂਦ ਫੈਡਰਲ ਸਰਕਾਰ ਓਨੇ ਘਾਟੇ ਵਿੱਚ ਨਹੀਂ ਗਈ ਜਿੰਨਾ ਕਿ ਪਹਿਲਾ ਕਿਆਫੇ ਲਾਏ ਜਾ ਰਹੇ ਸਨ। ਇਹ ਸੱਭ ਨਿੱਜੀ ਇਨਕਮ ਟੈਕਸ ਤੋਂ ਹਾਸਲ ਹੋਣ ਵਾਲੀ ਆਮਦਨ ਤੇ ਵੱਡੇ ਮੁਨਾਫਿਆਂ ਤੋਂ ਵਸੂਲੇ ਜਾਣ ਵਾਲੇ ਟੈਕਸਾਂ ਸਬੰਧੀ ਪ੍ਰਸਤਾਵਿਤ ਤਬਦੀਲੀਆਂ ਸਦਕਾ ਹੀ ਹੋਇਆ। ਇਸ ਦੌਰਾਨ ਬਿਜ਼ਨਸ ਗਰੁੱਪਜ਼ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਇਸ ਨਾਲ ਨਿਵੇਸ਼ ਘਟੇਗਾ।



ਮੰਗਵਲਵਾਰ ਨੂੰ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਬਜਟ ਪੇਸ਼ ਕੀਤਾ। ਫਰੀਲੈਂਡ ਇਸ ਵਿੱਚ ਮੱਧ ਵਰਗ ਉੱਤੇ ਇਨਕਮ ਟੈਕਸ ਵਿੱਚ ਵਾਧਾ ਕੀਤੇ ਬਿਨਾਂ ਘਾਟੇ ਨੂੰ ਘੱਟ ਰੱਖਣ ਦੇ ਆਪਣੇ ਵਾਅਦੇ ਉੱਤੇ ਪੂਰੀ ਉਤਰੀ। ਬਜਟ ਵਿੱਚ ਸਾਲ 2024-25 ਦੇ ਵਿੱਤੀ ਵਰ੍ਹੇ ਲਈ 39.8 ਬਿਲੀਅਨ ਡਾਲਰ ਦਾ ਘਾਟਾ ਪੇਸ਼ ਕੀਤਾ ਗਿਆ। ਇਹ ਪਿਛਲੇ ਸਾਲ ਸੰਭਾਵੀ ਤੌਰ ਉੱਤੇ ਕਿਆਸੇ ਗਏ 40 ਬਿਲੀਅਨ ਡਾਲਰ ਤੋਂ ਮਾਮੂਲੀ ਘੱਟ ਸੀ।

ਬਜਟ ਵਿੱਚ ਬਹੁਤਾ ਜ਼ੋਰ ਨੌਜਵਾਨਾਂ, ਮਿਲੇਨੀਅਲਜ਼ ਤੇ ਜੈਨ ਜੀਜ਼, ਦੀ ਮਦਦ ਕਰਨ ਵੱਲ ਲਾਇਆ ਗਿਆ। ਇਸ ਲਈ ਕਿਰਾਏ ਉੱਤੇ ਘਰ ਲੈਣ ਵਾਲਿਆਂ ਤੇ ਪਹਿਲੀ ਵਾਰੀ ਆਪਣਾ ਘਰ ਖਰੀਦਣ ਵਾਲਿਆਂ ਦੀ ਮਦਦ ਲਈ ਨਵੇਂ ਪ੍ਰੋਗਰਾਮ ਪੇਸ਼ ਕੀਤੇ ਗਏ।

ਮੰਗਲਵਾਰ ਨੂੰ ਪ੍ਰੈੱਸ ਕਾਨਫਰੰਸ ਵਿੱਚ ਫਰੀਲੈਂਡ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਉਨ੍ਹਾਂ ਦੀ ਉਮਰ ਤੇ ਉਨ੍ਹਾਂ ਤੋਂ ਵੱਡੀ ਉਮਰ ਦੇ ਕੈਨੇਡੀਅਨੰਜ਼ ਦੀ ਇੱਛਾ ਨੌਜਵਾਨ ਕੈਨੇਡੀਅਨਜ਼ ਨੂੰ ਸਫਲ ਹੁੰਦਾ ਵੇਖਣ ਦੀ ਹੈ ਤੇ ਇਸ ਲਈ ਅਸੀਂ ਸਾਰੇ ਹੀ ਇਹ ਚਾਹੁੰਦੇ ਹਾਂ ਕਿ ਉਨ੍ਹਾਂ ਦੀ ਇਸ ਸਫਲਤਾ ਲਈ ਨਵੇਂ ਮੌਕੇ ਪੈਦਾ ਕੀਤੇ ਜਾ ਸਕਣ।

ਬਜਟ ਵਿੱਚ ਅਗਲੇ ਪੰਜ ਸਾਲਾਂ ਤੋਂ ਵੀ ਵੱਧ ਸਮੇਂ ਲਈ ਨਵੇਂ ਖਰਚਿਆਂ ਵਾਸਤੇ 53 ਬਿਲੀਅਨ ਡਾਲਰ ਰੱਖੇ ਜਾਣ ਦੀ ਗੱਲ ਆਖੀ ਗਈ। ਇਹ ਸੱਭ ਹਾਊਸਿੰਗ ਸਪਲਾਈ ਦੇ ਸੰਕਟ ਨੂੰ ਦੂਰ ਕਰਨ ਲਈ ਨਵੇਂ ਘਰਾਂ ਦੇ ਨਿਰਮਾਣ ਵਿੱਚ ਤੇਜ਼ੀ ਲਿਆਉਣ,ਘੱਟ ਆਮਦਨ ਵਾਲੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਮੀਲਜ਼ ਮੁਹੱਈਆ ਕਰਵਾਉਣ ਤੇ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਲਈ ਪਹਿਲਾ ਕਦਮ ਚੁੱਕਣ ਲਈ ਕੀਤਾ ਗਿਆ।

2015 ਵਿੱਚ ਸੱਤਾ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਲਿਬਰਲ ਸਰਕਾਰ ਹਰ ਸਾਲ ਘਾਟੇ ਵਿੱਚ ਹੀ ਰਹੀ ਹੈ। ਇਸ ਸਾਲ ਦੇ ਬਜਟ ਵਿੱਚ ਇਹ ਦਰਸਾਇਆ ਗਿਆ ਕਿ 2028-29 ਵਿੱਚ ਇਹ ਘਾਟਾ 20 ਬਿਲੀਅਨ ਡਾਲਰ ਤੱਕ ਘੱਟ ਜਾਵੇਗਾ ਪਰ ਫਰੀਲੈਂਡ ਵੱਲੋਂ ਬਜਟ ਨੂੰ ਸੰਤੁਲਿਤ ਕਰਨ ਲਈ ਕੋਈ ਤਰੀਕ ਨਿਰਧਾਰਤ ਨਹੀਂ ਕੀਤੀ ਗਈ। ਉਦੋਂ ਤੱਕ ਸਰਕਾਰ ਦਾ ਕੁੱਲ ਘਾਟਾ 200 ਬਿਲੀਅਨ ਡਾਲਰ ਦੇ ਨੇੜੇ ਤੇੜੇ ਪਹੁੰਚਣ ਦੀ ਸੰਭਾਵਨਾ ਹੈ।

ਬਜਟ ਵਿੱਚ ਜੂਨ ਦੇ ਸ਼ੁਰੂ ਵਿੱਚ ਸ਼ੁਰੂ ਕਰਦਿਆਂ ਇਨਕਲੂਜ਼ਨ ਰੇਟ ਨੂੰ ਕੈਪੀਟਲ ਗੇਨਜ਼ ਦਾ ਅੱਧੇ ਤੋਂ ਦੋ ਤਿਹਾਈ ਕਰਨ ਦਾ ਪ੍ਰਸਤਾਵ ਵੀ ਰੱਖਿਆ ਗਿਆ ਹੈ। ਇਸ ਵਿੱਚ ਸੱਭ ਤੋਂ ਵੱਧ ਪੈਸੇ ਵਾਲਿਆਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਕਨਸੋਆਂ ਹਨ। ਰੋਜ਼ਗਾਰ ਦੇ ਉੱਚੇ ਪੱਧਰ ਨੂੰ ਵੇਖਦਿਆਂ ਸਰਕਾਰ ਨੂੰ ਆਸ ਹੈ ਕਿ ਨਿਜੀ ਇਨਕਮ ਟੈਕਸ ਵਿੱਚ 6.9 ਫੀ ਸਦੀ ਦਾ ਵਾਧਾ ਹੋਵੇਗਾ। ਹਾਲਾਂਕਿ ਇਹ ਅੰਦਾਜ਼ੇ ਵੀ ਲਾਏ ਜਾ ਰਹੇ ਸਨ ਕਿ ਫਰੀਲੈਂਡ ਉੱਚਾ ਮੁਨਾਫਾ ਕਮਾਉਣ ਵਾਲੀਆਂ ਕਾਰਪੋਰੇਸ਼ਨਾਂ ਜਿਵੇਂ ਕਿ ਗਰੌਸਰੀ ਸਟੋਰ ਚੇਨਜ਼ ਜਾਂ ਟੈਲੀਕਮਿਊਨਿਕੇਸ਼ਨ ਕੰਪਨੀਆਂ ਆਦਿ ਉੱਤੇ ਹੋਰ ਟੈਕਸ ਲਾਵੇਗੀ ਪਰ ਬਜਟ ਵਿੱਚ ਇਸ ਤਰ੍ਹਾਂ ਦਾ ਕੋਈ ਪ੍ਰਸਤਾਵ ਪੇਸ਼ ਨਹੀਂ ਕੀਤਾ ਗਿਆ।

ਪਿਛਲੇ ਕਈ ਬਜਟ ਵਿੱਚ ਬਹੁਤਾ ਜ਼ੋਰ ਕਲਾਈਮੇਟ ਚੇਂਜ ਨਾਲ ਨਜਿੱਠਣ ਵਰਗੇ ਮੁੱਦਿਆਂ ਉੱਤੇ ਦਿੱਤਾ ਗਿਆ ਪਰ ਇਸ ਵਾਰੀ ਜ਼ਿਆਦਾ ਤਵੱਜੋ ਹਾਊਸਿੰਗ ਤੇ ਅਫੋਰਡੇਬਿਲਿਟੀ ਵਰਗੇ ਮੁੱਦਿਆਂ ਉੱਤੇ ਦਿੱਤੀ ਗਈ। ਇਲੈਕਟ੍ਰਿਕ ਗੱਡੀਆਂ ਖਰੀਦਣ ਲਈ ਫੈਡਰਲ ਸਰਕਾਰ ਵੱਲੋਂ ਛੋਟ ਦੇਣ ਲਈ 607.9 ਮਿਲੀਅਨ ਡਾਲਰ ਵੀ ਪਾਸੇ ਰੱਖੇ ਗਏ ਹਨ।

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

MagGas Medical Brampton
MGM
MAGGAS MEDICAL INC.
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Tel: 905-913-2355
25 Cherrycrest Drive, Unit # 6
Brampton, ON. L6P 3W4
Aman Sharma
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish • Racoons
Call : PARESH PATEL
416 938 4598

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
T: 905 799 9333

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ >>

ਕਾਤਲ ਹਮਲਾ ਸਲਮਾਨ'ਤੇ ਬੜਾ ਕਰਦੇ,
ਸਾਰੇ ਜਾਂਦੇ ਨੇ ਬਾਅਦ ਵਿੱਚ ਫੜੇ ਮੀਆਂ।
ਸੀ ਸੀ ਟੀ ਵੀ ਤੋਂ ਲਿੰਕ ਸਭ ਜੁੜੀ ਜਾਂਦੇ,
ਦੋਸ਼ੀ ਕਿੱਧਰ ਦੀ ਗੱਡੀ ਸਨ ਚੜ੍ਹੇ ਮੀਆਂ।
ਖੁਰਾ ਲੱਭ ਜਾਏ ਤਾਂ ਪੁਲਸ ਪਹੁੰਚ ਜਾਂਦੀ,
ਥੋੜ੍ਹੇ ਦਿਨਾਂ ਵਿੱਚ ਹੁੰਦੇ ਫਿਰ ਅੜੇ ਮੀਆਂ।
ਓਸੇ ਜੇਲ੍ਹ ਅੰਦਰ ਉਹ ਹਨ ਪਹੁੰਚ ਜਾਂਦੇ,
ਪਹਿਲੇ ਯਾਰ ਹੁੰਦੇ ਈ ਜਿੱਥੇ ਤੜੇ ਮੀਆਂ।
ਫਿਰ ਵੀ ਖੇਡ ਨਹੀਂ ਜਾਪਦੀ ਟਿਕਣ ਵਾਲੀ,
ਛੋਕਰੇ ਨਵੇਂ ਕੁਝ ਚੁੱਕਣ ਹਥਿਆਰ ਮੀਆਂ।
ਮਿਲ ਜਾਣ ਨਵੇਂ ਰੰਗਰੂਟ ਅਪਰਾਧੀਆਂ ਨੂੰ,
ਦਿੱਸਦਾ ਸਿਰਾ ਕੋਈ ਆਰ ਨਾ ਪਾਰ ਮੀਆਂ।

**ਤੀਸ ਮਾਰ ਖਾਂ**

# 20 ਮਿੰਟ ਦੀ ਟੈਕਸੀ ਰਾਈਡ ਲਈ ਓਨਟਾਰੀਓ ਦੀ ਮਹਿਲਾ ਤੋਂ ਚਾਰਜ ਕੀਤੇ ਗਏ 7,000 ਡਾਲਰ

ਓਨਟਾਰੀਓ, 16 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੀ ਮਹਿਲਾ ਦੀ ਉਸ ਸਮੇਂ ਕੋਈ ਹੈਰਾਨੀ ਦੀ ਹੱਦ ਨਹੀਂ ਰਹੀ ਜਦੋਂ ਉਸ ਨੂੰ ਸਿਰਫ 20 ਮਿੰਟ ਦੀ ਟੈਕਸੀ ਦੀ ਰਾਈਡ ਲਈ 7,000 ਡਾਲਰ ਦਾ ਬਿੱਲ ਆ ਗਿਆ। ਉਸ ਵੱਲੋਂ ਗੈਰਅਧਿਕਾਰਤ ਟੈਕਸੀ ਕੰਪਨੀ ਰਾਹੀਂ ਐਂਟਾਰਕਟਿਕਾ ਦਾ ਟਰਿੱਪ ਕੀਤਾ ਗਿਆ ਸੀ।




ਓਨਟਾਰੀਓ ਦੇ ਮਿੱਡਲੈਂਡ ਦੀ ਪੈਟ ਸ਼ੈਕਲੇਡੀ ਨੇ ਇੱਕ ਗੱਲਬਾਤ ਦੌਰਾਨ ਦੱਸਿਆ ਕਿ ਸਾਡਾ ਪਹਿਲਾ ਸਟੌਪ ਸੈਂਟੀਏਗੋ, ਚਿਲੀ ਸੀ, ਜਿੱਥੇ ਉਨ੍ਹਾਂ ਨਾਲ ਸਕੈਮ ਹੋਇਆ। ਸ਼ੈਕਲੇਡੀ ਨੇ ਦੱਸਿਆ ਕਿ ਜਨਵਰੀ ਵਿੱਚ ਸੈਂਟੀਏਗੋ ਏਅਰਪੋਰਟ ਤੋਂ ਉਸ ਨੇ ਤੇ ਉਸ ਦੀ ਦੋਸਤ ਨੇ ਇੱਕ ਟੈਕਸੀ ਪਹਿਲਾਂ ਤੋਂ ਹੀ ਬੁੱਕ ਕੀਤੀ ਹੋਈ ਸੀ। ਉਸ ਨੇ ਦੱਸਿਆ ਕਿ ਟੈਕਸੀ ਦੇ ਡਰਾਈਵਰ ਨੇ ਮੌਕੇ ਉੱਤੇ ਪਹੁੰਚ ਕੇ ਦੱਸਿਆ ਕਿ ਉਨ੍ਹਾਂ ਦੇ ਡਰਾਈਵਰ ਦੀ ਗੱਡੀ ਦਾ ਐਕਸੀਡੈਂਟ ਹੋ ਗਿਆ ਹੈ ਤੇ ਇਸ ਲਈ ਉਨ੍ਹਾਂ ਨੂੰ ਵੱਖਰੀ ਕੰਪਨੀ ਰਾਹੀਂ ਭੇਜਿਆ ਜਾਵੇਗਾ।

ਸ਼ੈਕਲੇਡੀ ਨੇ ਆਖਿਆ ਕਿ ਉਨ੍ਹਾਂ ਨਕਦੀ ਦੇਣ ਦੀ ਗੱਲ ਕੀਤੀ ਤਾਂ ਉਨ੍ਹਾਂ ਆਖਿਆ ਕਿ ਉਹ ਕੈਸ਼ ਨਹੀਂ ਲੈਂਦੇ ਤੇ ਇਸ ਲਈ ਉਨ੍ਹਾ ਨੂੰ ਕ੍ਰੈਡਿਟ ਕਾਰਡ ਰਾਹੀਂ ਪੈਸੇ ਦੇਣੇ ਪਏ। ਉਨ੍ਹਾਂ ਨੂੰ ਚਿਲੀਅਨ ਪੀਸੋਸ ਦੇ 45000 ਡਾਲਰ ਦੀ ਰਸੀਦ ਦੇ ਦਿੱਤੀ ਗਈ ਜੋ ਕਿ 62 ਡਾਲਰ ਬਣਦੇ ਸਨ ਤੇ ਫਿਰ ਉਹ ਆਪਣੇ ਟਰਿੱਪ ਉੱਤੇ ਚਲੇ ਗਏ। ਪਰ ਜਦੋਂ ਸ਼ੈਕਲੇਡੀ ਘਰ ਪਹੁੰਚੀ ਤਾਂ ਉਸ ਦੇ ਕ੍ਰੈਡਿਟ ਕਾਰਡ ਉੱਤੇ 6,943 ਡਾਲਰ ਉਸ ਤੋਂ ਚਾਰਜ ਕਰਨ ਦੀ ਸਟੇਟਮੈਂਟ ਆ ਗਈ। ਉਸ ਨੇ ਦੱਸਿਆ ਕਿ ਇਹ ਪਤਾ ਲੱਗਣ ਉੱਤੇ ਇੱਕ ਵਾਰੀ ਤਾਂ ਉਸ ਨੂੰ ਦਿਲ ਦਾ ਦੌਰਾ ਹੀ ਪੈ ਚੱਲਿਆ ਸੀ।

ਫਿਰ ਉਸ ਨੇ ਬੈਂਕ ਆਫ ਮਾਂਟਰੀਅਲ (ਬੀਐਮਓ) ਨਾਲ ਸੰਪਰਕ ਕੀਤਾ। ਪਹਿਲਾਂ ਤਾਂ ਬੈਂਕ ਨੇ ਉਸ ਦੇ ਦਾਅਵੇ ਨੂੰ ਨਕਾਰ ਦਿੱਤਾ ਤੇ ਉਸ ਨੂੰ ਦੱਸਿਆ ਕਿ ਉਸ ਦੀ ਰਕਮ ਉਸ ਨੂੰ ਮੋੜੀ ਨਹੀਂ ਜਾਵੇਗੀ। ਸ਼ੈਕਲੇਡੀ ਨੇ ਆਖਿਆ ਕਿ ਜੇ 200 ਡਾਲਰ ਦੀ ਵੀ ਗੱਲ ਹੁੰਦੀ ਤਾਂ ਉਹ ਆਈ ਗਈ ਕਰ ਦਿੰਦੀ ਪਰ ਇਹ ਪੂਰੇ 7,000 ਡਾਲਰ ਦੀ ਗੱਲ ਸੀ। ਬਾਅਦ ਵਿੱਚ ਬੀਐਮਓ ਦੇ ਬੁਲਾਰੇ ਨੇ ਦੱਸਿਆ ਕਿ ਸ਼ੈਕਲੇਡੀ ਦੇ ਕੇਸ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਤੇ ਉਸ ਦੇ ਪੈਸੇ ਮੋੜ ਦਿੱਤੇ ਜਾਣਗੇ।

## ਅਕਾਲੀ ਦਲ ਨੇ ਚੰਡੀਗੜ੍ਹ ਵਿਚ ਕੈਨੇਡਾ ਦਾ ਕੌਂਸਲੇਟ ਦਫਤਰ ਬੰਦ ਹੋਣ ਲਈ ਕੇਂਦਰ ਤੇ ਸੂਬਾ ਸਰਕਾਰ ਨੂੰ ਭੰਡਿਆ

ਲੁਧਿਆਣਾ, 16 ਅਪ੍ਰੈਲ (ਗਿਆਨ ਸਿੰਘ): ਸਾਬਕਾ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਚੰਡੀਗੜ੍ਹ ਵਿਚ ਕੈਨੇਡਾ ਦਾ ਕੌਂਸਲੇਟ ਦਫਤਰ ਬੰਦ ਹੋਣ ਲਈ ਕੇਂਦਰ ਤੇ ਸੂਬਾ ਸਰਕਾਰ ਨੂੰ ਭੰਡਦਿਆਂ ਕਿਹਾ ਹੈ ਕਿਹਾ ਕਿ ਇਸਦੇ ਬੰਦ ਹੋਣ ਨਾਲ ਪੰਜਾਬੀਆਂ ਨੂੰ ਬੇਲੋੜੀਂਦੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪਵੇਗਾ।



ਇਥੇ ਜਾਰੀ ਕੀਤੇ ਇਕ ਬਿਆਨ ਵਿਚ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਪੰਜਾਬੀ ਕੈਨੇਡਾ ਵਿਚ ਰਹਿੰਦੇ ਹਨ ਜੋ ਆਪ ਤੇ ਉਹਨਾਂ ਦੇ ਰਿਸ਼ਤੇਦਾਰ ਅਕਸਰ ਪੰਜਾਬ ਆਉਂਦੇ ਜਾਂਦੇ ਰਹਿੰਦੇ ਹਨ। ਉਹਨਾਂ ਕਿਹਾ ਕਿ ਇਹ ਲੋਕ ਤੇ ਹਜ਼ਾਰਾਂ ਵਿਦਿਆਰਥੀ ਅਤੇ ਹਜ਼ਾਰਾਂ ਵਿਦਿਆਰਥੀ ਤੇ ਸੈਲਾਨੀ ਕੈਨੇਡਾ ਆਉਂਦੇ ਜਾਂਦੇ ਰਹਿੰਦੇ ਹਨ ਜਿਹਨਾਂ ਨੂੰ ਕੌਂਸਲੇਟ ਦਫਤਰ ਬੰਦ ਹੋਣ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ।

ਗਰੇਵਾਲ ਨੇ ਕਿਹਾ ਕਿ ਕੌਂਸਲੇਟ ਦਫਤਰ ਬੰਦ ਹੋਣਾ ਭਾਰਤ ਸਰਕਾਰ ਦੇ ਕੈਨੇਡਾ ਸਰਕਾਰ ਨਾਲ ਬੇਲੋੜੇ ਤਕਰਾਰ ਦਾ ਨਤੀਜਾ ਹੈ। ਉਹਨਾਂ ਕਿਹਾ ਕਿ ਆਪ ਸਰਕਾਰ ਵੀ ਇਸ ਦਫਤਰ ਜਾਰੀ ਰੱਖਣ ਵਾਸਤੇ ਕੇਂਦਰ ਸਰਕਾਰ ਨੂੰ ਰਾਜ਼ੀ ਰੱਖਣ ਵਿਚ ਨਾਕਾਮ ਰਹੀ ਹੈ।

ਗਰੇਵਾਲ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰੇ ਅਤੇ ਇਸਨੂੰ ਜਨਤਕ ਹਿੱਤਾਂ ਵਿਚ ਵਾਪਸ ਲਵੇ।

# ਪੀਅਰਸਨ ਤੋਂ ਚੋਰੀ ਹੋਏ 20 ਮਿਲੀਅਨ ਡਾਲਰ ਸੋਨੇ ਦੇ ਸਬੰਧ ਵਿੱਚ ਪੁਲਿਸ ਨੇ ਕੁੱਝ ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ

ਟੋਰਾਂਟੋ, 16 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ 20 ਮਿਲੀਅਨ ਡਾਲਰ ਦੇ ਸੋਨੇ ਦੀ ਹੋਈ ਚੋਰੀ ਦੇ ਮਾਮਲੇ ਵਿੱਚ ਪੀਲ ਰੀਜਨਲ ਪੁਲਿਸ ਦੇ ਜਾਂਚਕਾਰਾਂ ਦੀ ਟੀਮ ਨੇ ਕੁੱਝ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।




ਇਹ ਗ੍ਰਿਫਤਾਰੀਆਂ ਘਟਨਾ ਵਾਪਰਨ ਤੋਂ ਇੱਕ ਸਾਲ ਬਾਅਦ ਕੀਤੀਆਂ ਗਈਆਂ। ਚੋਰੀ 17 ਅਪਰੈਲ, 2023 ਦੀ ਸ਼ਾਮ ਨੂੰ ਹੋਈ ਸੀ। ਉਸ ਸਮੇਂ ਪੁਲਿਸ ਨੇ ਆਖਿਆ ਸੀ ਕਿ ਇੱਕ ਕਾਰਗੋ ਕੰਟੇਨਰ ਜਿਸ ਵਿੱਚ ਸੋਨਾ ਤੇ ਹੋਰ ਸਮਾਨ ਸੀ, ਏਅਰਪੋਰਟ ਦੀ ਕਾਰਗੋ ਫੈਸਿਲਿਟੀ ਤੋਂ ਚੋਰੀ ਹੋ ਗਿਆ ਸੀ। ਹੁਣ ਤੱਕ ਕਿਸੇ ਵੀ ਮਸ਼ਕੂਕ ਦੀ ਸ਼ਨਾਖ਼ਤ ਤੱਕ ਨਹੀਂ ਸੀ ਹੋਈ। ਪੁਲਿਸ ਨੇ ਦੱਸਿਆ ਕਿ ਉਹ ਇਸ ਸਬੰਧ ਵਿੱਚ ਜਾਰੀ ਕੀਤੇ ਗਏ ਪ੍ਰੋਜੈਕਟ 24 ਕੇ ਦੇ ਨਤੀਜਿਆਂ ਦਾ ਐਲਾਨ ਬੁੱਧਵਾਰ ਨੂੰ ਸਵੇਰੇ 8:30 ਵਜੇ ਕਰੇਗੀ।

ਪੀਅਰਸਨ ਏਅਰਪੋਰਟ ਤੋਂ ਅਕਸਰ ਹੀ ਕੈਨੇਡਾ ਦੇ ਸੋਨੇ ਨੂੰ ਦੁਨੀਆ ਭਰ ਦੇ ਕਸਟਮਰਜ਼ ਲਈ ਟਰਾਂਸਪੋਰਟ ਕੀਤਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਫਲਾਈਟ 17 ਅਪਰੈਲ, 2023 ਨੂੰ ਦੁਪਹਿਰੇ 4:00 ਵਜੇ ਪੀਅਰਸਨ ਉੱਤੇ ਲੈਂਡ ਕੀਤੀ। ਪੁਲਿਸ ਨੇ ਦੱਸਿਆ ਕਿ ਸੋਨੇ ਦੀ ਖੇਪ, ਜੋ ਕਿ ਇੱਕ ਕੰਟੇਨਰ ਵਿੱਚ ਸੀ, ਨੂੰ ਦੋ ਘੰਟੇ ਬਾਅਦ ਏਅਰਪੋਰਟ ਉੱਤੇ ਮੌਜੂਦ ਏਅਰ ਕੈਨੇਡਾ ਦੇ ਗੋਦਾਮ ਵਿੱਚ ਜਮ੍ਹਾਂ ਕਰਵਾ ਦਿੱਤਾ ਗਿਆ। ਫਿਰ ਜਾਅਲੀ ਦਸਤਾਵੇਜ਼ਾਂ ਨਾਲ ਹੀ ਕਿਸੇ ਮਸ਼ਕੂਕ ਵੱਲੋਂ ਕਾਰਗੋ ਫੈਸਿਲਿਟੀ ਤੋਂ ਸੋਨਾ ਚੋਰੀ ਕਰ ਲਿਆ ਗਿਆ।

## ਡਿਪਟੀ ਕਮਿਸ਼ਨਰ ਵੱਲੋਂ ਗਿੱਲ ਰੋਡ ਦਾਣਾ ਮੰਡੀ 'ਚ ਅਚਨਚੇਤ ਨਿਰੀਖਣ

### ਸਫਾਈ ਵਿਵਸਥਾ 'ਤੇ ਅਸੰਤੁਸ਼ਟੀ ਜਾਹਰ ਕਰਦਿਆਂ ਕਾਰਨ ਦੱਸੋ ਨੋਟਿਸ ਕੀਤਾ ਜਾਰੀ

ਲੁਧਿਆਣਾ, 16 ਅਪ੍ਰੈਲ (ਗਿਆਨ ਸਿੰਘ): ਕਿਸਾਨਾਂ ਨੂੰ ਮੰਡੀਆਂ ਵਿੱਚ ਮਿਆਰੀ ਸਹੂਲਤਾਂ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਸਥਾਨਕ ਗਿੱਲ ਰੋਡ ਦਾਣਾ ਮੰਡੀ ਦਾ ਅਚਨਚੇਤ ਨਿਰੀਖਣ ਕੀਤਾ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤਾ ਅਤੇ ਸਾਫ਼-ਸਫ਼ਾਈ ਸਹੀ ਢੰਗ ਨਾਲ ਨਾ ਹੋਣ ਲਈ ਸਪੱਸ਼ਟੀਕਰਨ ਮੰਗਿਆ।



ਡਿਪਟੀ ਕਮਿਸ਼ਨਰ ਸਾਹਨੀ ਵੱਲੋਂ ਅੱਜ (ਮੰਗਲਵਾਰ) ਸ਼ਾਮ ਗਿੱਲ ਰੋਡ ਅਨਾਜ ਮੰਡੀ ਦੀ ਅਚਨਚੇਤ ਚੈਕਿੰਗ ਕੀਤੀ ਅਤੇ ਖਰੀਦ ਕਾਰਜਾਂ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਸਪੱਸ਼ਟ ਕੀਤਾ ਕਿ ਮੰਡੀ ਵਿੱਚ ਅਨਾਜ ਦੀ ਆਮਦ
ਤੋਂ ਪਹਿਲਾਂ ਪ੍ਰਬੰਧ ਮੁਕੰਮਲ ਕਰ ਲਏ ਜਾਣ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਵਿਸ਼ੇਸ਼ ਟੀਮਾਂ ਬਣਾ ਕੇ ਅਜਿਹੇ ਅਚਨ-ਚੇਤ ਨਿਰੀਖਣ ਕੀਤੇ ਜਾਣਗੇ।

ਡਿਪਟੀ ਕਮਿਸ਼ਨਰਸਾਹਨੀ ਨੇ ਇਹ ਵੀ ਕਿਹਾ ਕਿ ਅਧਿਕਾਰੀ ਪੀਣ ਵਾਲੇ ਸਾਫ਼ ਪਾਣੀ, ਸਾਫ਼-ਸਫ਼ਾਈ, ਪੱਖੇ ਅਤੇ ਸ਼ੈਡਾਂ ਦੇ ਪੁਖਤਾ ਪ੍ਰਬੰਧ ਕਰਨ ਤਾਂ ਜੋ ਕਿਸਾਨਾਂ ਅਤੇ ਮੰਡੀ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਸਾਰੇ ਖਰੀਦ ਕੇਂਦਰਾਂ ਵਿੱਚ ਲਿਫਟਿੰਗ ਅਤੇ ਅਦਾਇਗੀ ਦੇ ਪੁਖਤਾ ਪ੍ਰਬੰਧ ਕਰਨ ਤੋਂ ਇਲਾਵਾ ਬਾਰਦਾਨੇ ਦੀ ਵੀ ਲੋੜੀਂਦੀ ਉਪਲਬਧਤਾ ਹੈ, ਜਿੱਥੇ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦੀ ਅਦਾਇਗੀ ਨਿਰਧਾਰਤ ਸਮਾਂ ਸੀਮਾ ਵਿੱਚ ਕੀਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸਿਰਫ਼ ਸੁੱਕੀ ਜਿਣਸ ਹੀ ਲੈ ਕੇ ਆਉਣ ਤਾਂ ਜੋ ਸੁਚਾਰੂ ਅਤੇ ਨਿਰਵਿਘਨ ਖਰੀਦ ਕੀਤੀ ਜਾ ਸਕੇ। ਇਸ ਮੌਕੇ ਐਸ.ਡੀ.ਐਮ. ਦੀਪਕ ਭਾਟੀਆ, ਸਹਾਇਕ ਕਮਿਸ਼ਨਰ (ਯੂ.ਟੀ.) ਕ੍ਰਿਤਿਕਾ ਗੋਇਲ ਤੇ ਹੋਰ ਹਾਜ਼ਰ ਸਨ।

## ਵੱਖ ਵੱਖ ਖੇਤਰਾਂ ਵਿੱਚ ਨਿਮਾਣਾ ਖੱਟਣ ਵਾਲੀਆਂ 8 ਸਖਸੀਅਤਾਂ ਨੂੰ ਫ਼ਖਰ-ਏ-ਕੌਮ ਮਾਹਾਰਾਜ ਜੱਸਾ ਸਿੰਘ ਰਾਮਗੜ੍ਹੀਆ ਅਵਾਰਡ ਨਾਲ ਕੀਤਾ ਸਨਮਾਨਿਤ

*ਯੂਨਾਈਟਿਡ ਯੂਥ ਫੈਡਰੇਸ਼ਨ ਨੇ ਮਨਾਇਆ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 301ਵਾਂ ਜਨਮ ਦਿਹਾੜਾ

ਲੁਧਿਆਣਾ, 16 ਅਪ੍ਰੈਲ (ਗਿਆਨ ਸਿੰਘ): ਯੂਨਾਈਟਿਡ ਯੂਥ ਫੈਡਰੇਸ਼ਨ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 301ਵੇਂ ਜਨਮ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਿਤ ਸਮਾਗਮ ਗੁਰਦੁਆਰਾ ਸਿੰਘ ਸਭਾ ਅਕਾਲ ਸਾਹਿਬ
ਪ੍ਰਤਾਪ ਨਗਰ ਲੁਧਿਆਣਾ ਵਿਖੇ ਮਨਾਇਆ ਗਿਆ। ਇਸ ਮੌਕੇ ਸੰਤ ਬਾਬਾ ਨਿਰਮਲ ਸਿੰਘ ਜੀ ਹਾਪੁੜ ਵਾਲਿਆਂ ਤੋਂ ਇਲਾਵਾ ਭਾਈ ਪਰਮਿੰਦਰ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਜੱਥਿਆਂ ਵੱਲੋਂ ਰੱਬੀ ਬਾਣੀ ਦੇ ਆਨੰਦਮਈ ਕੀਰਤਨ ਦੀ ਸੇਵਾ ਨਿਭਾਈ ਗਈ। ਇਸ ਮੌਕੇ ਵੱਖ ਵੱਖ ਖੇਤਰਾਂ ਵਿਚ ਸੇਵਾਵਾਂ ਨਿਭਾਉਣ ਵਾਲੀਆਂ 8 ਸਖਸੀਅਤਾਂ ਨੂੰ ਯੂਨਾਈਟਿਡ ਯੂਥ ਫੈਡਰੇਸ਼ਨ ਦੇ ਪ੍ਰਧਾਨ ਸੋਹਣ ਸਿੰਘ ਗੋਗਾ ਸਾਬਕਾ ਚੇਅਰਮੈਨ ਰਾਮਗੜ੍ਹੀਆ ਭਲਾਈ ਬੋਰਡ ( ਪੰਜਾਬ ਸਰਕਾਰ) ਅਤੇ ਗੁਰਦ-ਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁੰਦਨ ਸਿੰਘ ਨਾਗੀ ਨੇ ਕੇਹਰ ਸਿੰਘ ਮਠਾੜੂ (ਕੈਨੇਡਾ), ਚਰਨਜੀਤ ਸਿੰਘ ਝੰਡੇਆਣਾ (ਮੋਗਾ), ਜਗਦੀਸ਼ ਸਿੰਘ ਕੁਲਾਰ, ਡਾ. ਬਲਵਿੰਦਰ ਸਿੰਘ ਪਲਾਹਾ (ਜਗਰਾਉਂ), ਸੁਖਵਿੰਦਰ ਸਿੰਘ ਸੋਹਲ, ਰਣਜੀਤ ਸਿੰਘ ਲੋਟੇ, ਭੁਪਿੰਦਰ ਸਿੰਘ ਨੰਨ੍ਹੜੇ ਅਤੇ ਸਰਵਣ ਸਿੰਘ ਬਰਗਾੜੀ ਨੂੰ ਫ਼ਖਰੇ-ਕੌਮ ਮਾਹਾਰ-ਾਜ ਜੱਸਾ ਸਿੰਘ ਰਾਮਗੜ੍ਹੀਆ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਅਵਾਰਡ ਪ੍ਰਾਪਤ ਸਖਸੀਅਤਾਂ ਨੇ ਅਪਣੇ ਸੰਬੋਧਨ ਵਿਚ ਜਿੱਥੇ ਯੂਨਾਈਟਿਡ ਯੂਥ ਫੈਡਰੇਸ਼ਨ ਦੇ ਮੁੱਖ ਸੇਵਾਦਾਰ ਸੋਹਣ ਸਿੰਘ ਗੋਗਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਕੀਤੇ ਜਾਂਦੇ ਉਪਰਾਲੇ ਦੀ ਸਲਾਘਾ ਕੀਤੀ ਉੱਥੇ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਅਠਾਰ੍ਹਵੀਂ ਸਦੀ ਦੇ ਉੱਘੇ ਸੂਝਵਾਨ ਸੁਰਬੀਰ, ਸ਼ਸਤ੍ਰ ਵਿੱਦਿਆ ਵਿੱਚ ਨਿਪੁੰਨ, ਸਿੱਖੀ ਸਿਦਕ ਵਿੱਚ ਭਿਜੇ, ਗੁਰੂ'ਤੇ ਭਰੋਸਾ ਰੱਖਣ ਵਾਲੇ ਗੁਰਸਿੱਖ, ਰਾਜਸੀ ਸੂਝ-ਬੂਝ ਵਾਲੇ ਅਤੇ ਦਿਲੇਰ ਬੰਧੀ-ਛੋੜ ਆਗੂ ਹੋਏ ਹਨ। ਮਾਤਾ ਗੰਗੋ ਨੇ ਆਪਣੇ ਨਵਜੰਮੇ ਪਲੇਠੀ ਦੇ ਸਪੁੱਤਰ ਨੂੰ ਗੁੜ ਦੀ ਥਾਂ ਅੰਮ੍ਰਿਤ ਦੀ ਗੁੜ੍ਹਤੀ ਦਿਵਾਈ। ਵੱਡਾ ਹੋ ਕੇ ਉਸ ਨੇ ਆਪਣੇ ਬਜੁਰਗਾਂ ਦੀਆਂ ਪਾਈਆਂ ਪੈੜਾਂ ਵਿੱਚ ਹੋਰ ਵਾਧਾ ਕੀਤਾ। ਜੱਸਾ ਸਿੰਘ ਰਾਮਗੜ੍ਹੀਆ ਉਸ ਸਮੇਂ ਦੇ ਗੁਰਸਿੱਖ ਸਰਦਾਰਾਂ ਅਤੇ ਮਿਸਲਦਾਰਾਂ ਵਿੱਚ ਇੱਕ ਵਿਲੱਖਣ ਅਤੇ ਬੇਦਾਗ਼ ਹਸਤੀ ਦਾ ਮਾਲਕ ਸਨ, ਜਿਸ ਦੀ ਗਵਾਹੀ ਸਾਰੇ ਹੀ ਵਿਦਵਾਨ ਇਤਿਹਾਸਕਾਰ ਦਿੰਦੇ ਹਨ।




ਇਸ ਮੌਕੇ ਵਿਸ਼ੇਸ਼ ਤੌਰ ਤੇ ਜੱਥੇਦਾਰ ਹੀਰਾ ਸਿੰਘ ਗਾਬੜ੍ਹੀਆ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਗੁਰਮੀਤ ਸਿੰਘ ਕੁਲਾਰ, ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ, ਗੁਰਮੁੱਖ ਸਿੰਘ ਰੁਪਾਲ, ਭਾਈ ਕੁਲਵੀਰ ਸਿੰਘ, ਹਰਜਿੰਦਰ ਸਿੰਘ ਸੰਧੂ, ਨਰਿੰਦਰ ਸਿੰਘ ਉੱਭੀ, ਹਰਦੀਪ ਸਿੰਘ ਗੁਰੂ, ਗੁਰਚਰਨ ਸਿੰਘ ਗੁਰੂ, ਮਨਜੀਤ ਸਿੰਘ ਰੂਪੀ, ਸਰੂਪ ਸਿੰਘ ਮਠਾੜੂ, ਚਰਨਜੀਤ ਸਿੰਘ ਚੰਨਾ, ਹਰੀ ਸਿੰਘ, ਜੋਗਾ ਸਿੰਘ, ਇਕਬਾਲ ਸਿੰਘ, ਬਲਵੀਰ ਸਿੰਘ ਸੋਂਦ, ਗੁਰਵਿੰਦਰ ਸਿੰਘ ਗਿੰਦਾ, ਪਰਵਿੰਦਰ ਸਿੰਘ ਸੋਹਲ, ਦਵਿੰਦਰ ਸਿੰਘ ਪ੍ਰਧਾਨ (ਪੀਐੱਸਯੂਏ), ਰਜਿੰਦਰ ਸਿੰਘ ਮਠਾੜੂ, ਜੀਵਨ ਸੇਖਾ, ਅਵਤਾਰ ਸਿੰਘ ਘੜਿਆਲ, ਸਤਵੰਤ ਸਿੰਘ ਮਠਾੜੂ, ਆਕਾਸ਼ ਵਰਮਾ ਵੀ ਹਾਜਰ ਸਨ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

**SherGill Law Firm**
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
* How your spouse can join you within 4-6 months
* How your parents can join you
* How students & skilled people can come to Canada
* How International Students & Foreign workers can get their Immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com




TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install
Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com




# ਭਾਈ ਮੋਹਨ ਸਿੰਘ ਵੈਦ ਯਾਦਗਾਰੀ ਲਾਇਬ੍ਰੇਰੀ: ਪਾਕਿਸਤਾਨ ਦੇ ਨਾਲ ਲੱਗਦੇ ਭਾਰਤੀ ਪਿੰਡਾਂ 'ਚ ਕਿਤਾਬੀ ਸੱਭਿਆਚਾਰ ਨੂੰ ਰੱਖ ਰਹੀ ਐ ਜ਼ਿੰਦਾ

-ਹਰਵਿੰਦਰ ਕੌਰ-

ਪਾਕਿਸਤਾਨ ਦੀ ਹੱਦ ਦੇ ਨਾਲ ਲੱਗਦੇ ਸਰਹੱਦੀ ਜ਼ਿਲ੍ਹੇ ਤਰਨਤਾਰਨ ਦਾ ਅੱਡਾ ਬਾਜ਼ਾਰ ਉਹ ਬਾਜ਼ਾਰ ਹੈ, ਜਿਸ ਦਾ ਰਸਤਾ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵੱਲ ਤਾਂ ਜਾਂਦੀ ਹੀ ਹੈ, ਨਾਲ ਹੀ ਇਹ ਤਰਨਤਾਰਨ ਸ਼ਹਿਰ ਦਾ ਸਭ ਤੋਂ ਪੁਰਾਣਾ ਤੇ ਭੀੜਾ ਬਾਜ਼ਾਰ ਹੈ। ਖ਼ਾਸ ਗੱਲ ਇਹ ਵੀ ਹੈ ਕਿ, ਜ਼ਿਲ੍ਹੇ ਦੇ 190 ਤੋਂ ਵੱਧ ਪਿੰਡਾਂ ਤੋਂ ਗਾਹਕਾਂ ਨੂੰ ਆਪਣੇ ਵੱਲ ਖਿੱਚਦਾ ਹੈ। ਇਹ ਬਾਜ਼ਾਰ ਦੀ ਇੱਕ ਭੀੜੀ ਜਿਹੀ ਗਲੀ ਵਿਚ ਭਾਈ ਮੋਹਨ ਸਿੰਘ ਵੈਦ ਯਾਦਗਾਰੀ ਲਾਇਬ੍ਰੇਰੀ ਹੈ।

ਇਸ ਭੀੜ-ਭੜੱਕੇ ਵਾਲੇ ਬਾਜ਼ਾਰ ਦੇ ਵਿਚਕਾਰ, ਭਾਈ ਮੋਹਨ ਸਿੰਘ ਵੈਦ (1881-1936), ਲੇਖਕ, ਪੁਸਤਕਾਂ ਦੇ ਸੰਗ੍ਰਹਿਕਾਰ ਅਤੇ ਸਮਾਜ ਸੁਧਾਰਕ ਦੀ ਇੱਕ ਯਾਦਗਾਰ ਲਾਇਬ੍ਰੇਰੀ ਜੋ 32 ਸਾਲ ਪੁਰਾਣੀ ਯਾਦਗਾਰੀ ਲਾਇਬ੍ਰੇਰੀ ਅੱਡਾ ਬਾਜ਼ਾਰ ਦਾ ਸਭ ਤੋਂ ਅਣਦੇਖਾ ਬਿੰਦੂ ਹੈ।

ਭਾਵੇਂ ਸਕੂਲ ਜਾਂ ਕਾਲਜ ਜਾਣ ਵਾਲੇ ਵਿਦਿਆਰਥੀ ਇਸ ਲਾਇਬ੍ਰੇਰੀ ਨੂੰ ਮੁਸ਼ਕਿਲ ਨਾਲ ਦੇਖਦੇ ਹਨ ਅਤੇ ਕਈਆਂ ਨੂੰ ਇਸ ਦੀ ਹੋਂਦ ਬਾਰੇ ਵੀ ਪਤਾ ਨਹੀਂ ਹੁੰਦਾ, ਪਰ ਇਹ ਲਾਇਬ੍ਰੇਰੀ ਤਰਨਤਾਰਨ ਦੇ ਦਿਹਾਤੀ ਪਾਠਕਾਂ ਅਤੇ ਲੇਖਕਾਂ ਲਈ ਕਿਤਾਬਾਂ ਦੀ ਵਿਸ਼ਾਲ ਸ਼੍ਰੇਣੀ ਦਾ ਪ੍ਰਮੁੱਖ ਸਰੋਤ ਰਹੀ ਹੈ।

67 ਸਾਲਾ ਦੀਦਾਰ ਸਿੰਘ (ਪੀ.ਐਸ.ਪੀ.ਸੀ.ਐਲ. ਤੋਂ ਸੇਵਾ-ਮੁਕਤ) ਅਤੇ ਹੁਣ ਲਾਇਬ੍ਰੇਰੀ ਦੇ ਕੇਅਰਟੇਕਰ ਨੇ ਦੱਸਿਆ ਕਿ ਇਸ ਸਮੇਂ ਲਾਇਬ੍ਰੇਰੀ ਦੇ 770 ਦੇ ਕਰੀਬ ਮੈਂਬਰ ਹਨ ਜੋ ਜ਼ਿਆਦਾਤਰ ਤਰਨਤਾਰਨ ਦੇ ਨਾਲ ਲੱਗਦੇ ਪਿੰਡਾਂ ਦੇ ਹਨ। ਰਿਕਾਰਡ ਅਨੁਸਾਰ ਇਸ ਸਮੇਂ ਲਾਇਬ੍ਰੇਰੀ ਵਿੱਚ ਜ਼ਿਲ੍ਹੇ ਦੇ 43 ਪਿੰਡਾਂ ਦੇ ਮੈਂਬਰ ਹਨ ਜਿਨ੍ਹਾਂ ਵਿੱਚ ਕਾਜੀਕੋਟ, ਲਾਲ ਧੂੜ, ਸਭਾਨਪੁਰ, ਰਤੌਲ, ਪਿੱਦੀ, ਮੱਤੇਵਾਲ ਆਦਿ ਸ਼ਾਮਲ ਹਨ।

ਦੀਦਾਰ ਸਿੰਘ ਨੇ ਕਿਹਾ, "ਪਿੰਡਾਂ ਦੇ ਖੇਤਰਾਂ ਵਿੱਚ ਪੁਸਤਕ ਪ੍ਰੇਮੀਆਂ ਕੋਲ ਲਾਇਬ੍ਰੇਰੀ ਦੀ ਘਾਟ ਹੈ, ਇਸ ਲਈ ਸਾਡੇ ਬਹੁਤ ਸਾਰੇ ਪੁਸਤਕ ਪ੍ਰੇਮੀ ਪੇਂਡੂ ਖੇਤਰਾਂ ਤੋਂ ਹਨ। ਦੀਦਾਰ ਸਿੰਘ ਨੇ ਦੱਸਿਆ ਕਿ ਪਿਛਲੇ ਹਫ਼ਤੇ ਪਿੰਡ ਰਸੂਲਪੁਰ ਦੇ ਬਾਬਾ ਬਸਤਾ ਸਿੰਘ ਹਾਈ ਸਕੂਲ ਦੇ 25 ਵਿਦਿਆਰਥੀਆਂ ਅਤੇ ਤਿੰਨ ਅਧਿਆਪਕਾਂ ਦੇ ਸਮੂਹ ਨੇ ਲਾਇਬ੍ਰੇਰੀ ਦਾ ਦੌਰਾ ਕੀਤਾ ਅਤੇ ਲਾਇਬ੍ਰੇਰੀ ਦੇ ਮੈਂਬਰ ਬਣਨ ਅਤੇ ਕਿਤਾਬਾਂ ਜਾਰੀ ਕਰਵਾਉਣ ਵਿੱਚ ਡੂੰਘੀ ਦਿਲਚਸਪੀ ਦਿਖਾਈ।

"ਮੈਂ ਬਾਬਾ ਬਸਤਾ ਸਿੰਘ ਹਾਈ ਸਕੂਲ ਦੇ ਪ੍ਰਿੰਸੀਪਲ ਨੂੰ ਕਿਹਾ ਹੈ ਕਿ ਉਹ ਅਧਿਆਪਕਾਂ ਨੂੰ ਇਸ ਲਾਇਬ੍ਰੇਰੀ ਦੇ ਮੈਂਬਰ ਬਣਨ ਦੀ ਤਾਕੀਦ ਕਰਨ। ਇਸ ਨਾਲ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦਾ ਦੌਰਾ ਕਰਨ ਅਤੇ ਪੜ੍ਹਨ ਦੀਆਂ ਆਦਤਾਂ ਪੈਦਾ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ।"

ਦੇਖਭਾਲ ਕਰਨ ਵਾਲੇ ਦੀਦਾਰ ਸਿੰਘ ਅਤੇ ਜਸਵਿੰਦਰ ਸਿੰਘ

ਪਿਛਲੇ 15 ਸਾਲਾਂ ਤੋਂ ਲਾਇਬ੍ਰੇਰੀ ਨਾਲ ਜੁੜੇ ਸੇਵਾਮੁਕਤ ਅਧਿਆਪਕ ਜਸਵਿੰਦਰ ਸਿੰਘ ਨੇ ਦੱਸਿਆ ਕਿ ਇੱਥੇ 8000 ਤੋਂ ਵੱਧ ਪੁਸਤਕਾਂ ਹਨ ਜਿਨ੍ਹਾਂ ਵਿੱਚ ਪ੍ਰਸਿੱਧ ਸ਼ਖ਼ਸੀਅਤਾਂ, ਸਿੱਖ ਇਤਿਹਾਸਕਾਰਾਂ, ਧਾਰਮਿਕ ਗ੍ਰੰਥਾਂ, ਭਗਤ ਪੂਰਨ ਸਿੰਘ, ਰਘਬੀਰ ਸਿੰਘ ਬੀਰ, ਸੋਹਣ ਸਿੰਘ ਸ਼ੀਤਲ, ਭਾਈ ਵੀਰ ਸਿੰਘ, ਸੰਤ ਸੇਵਾ ਸਿੰਘ ਰਾਮਪੁਰ ਸਮੇਤ ਪ੍ਰਸਿੱਧ ਲੇਖਕਾਂ ਦੀਆਂ ਜੀਵਨੀਆਂ ਸ਼ਾਮਲ ਹਨ।

"ਵੱਧ ਤੋਂ ਵੱਧ ਲੋਕਾਂ ਨੂੰ ਜੋੜਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ"

ਪਿੰਡ ਦੋਬੁਰਜੀ ਵਾਸੀ ਕੰਵਲਜੀਤ ਕੌਰ ਜੋ ਅਕਸਰ ਲਾਇਬ੍ਰੇਰੀ ਦਾ ਦੌਰਾ ਕਰਦੀ ਹੈ, ਨੇ ਕਿਹਾ ਕਿ ਇਸ ਲਾਇਬ੍ਰੇਰੀ ਨੂੰ ਸੰਭਾਲਣ ਲਈ ਹੋਰ ਕੁਝ ਕਰਨ ਦੀ ਲੋੜ ਹੈ। ਕੰਵਲਜੀਤ ਕੌਰ ਜੋ ਸਿਵਲ ਸਰਜਨ ਦਫ਼ਤਰ ਤਰਨਤਾਰਨ ਵਿੱਚ ਜ਼ਿਲ੍ਹਾ ਅੰਕੜਾ ਸਹਾਇਕ ਵਜੋਂ ਕੰਮ ਕਰਦੀ ਹੈ, ਨੇ ਕਿਹਾ ਕਿ ਇਸ ਲਾਇਬ੍ਰੇਰੀ ਨੂੰ ਸੰਭਾਲਣ ਅਤੇ ਅਪਗ੍ਰੇਡ ਕਰਨ ਦੀ ਲੋੜ ਹੈ।

"ਪਿੰਡਾਂ ਵਿੱਚ ਬਹੁਤ ਸਾਰੇ ਨੌਜਵਾਨ ਅਜਿਹੇ ਹਨ ਜੋ ਮਹਾਨ ਰਚਨਾਵਾਂ ਪੜ੍ਹਨਾ ਚਾਹੁੰਦੇ ਹਨ ਪਰ ਉਹਨਾਂ ਕੋਲ ਸਾਧਨ ਨਹੀਂ ਹਨ। ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਬਹੁਤ ਸਾਰੇ ਵਿਦਿਆਰਥੀ ਨਿਮਰ ਪਿਛੋਕੜ ਵਾਲੇ ਹਨ। ਅਜਿਹੀਆਂ ਲਾਇਬ੍ਰੇਰੀਆਂ ਉਹਨਾਂ ਨੂੰ ਪੜ੍ਹਨ ਦੀ ਆਦਤ ਪੈਦਾ ਕਰਨ ਵਿੱਚ ਮਦਦ ਕਰ ਸਕਦੀਆਂ ਹਨ ਅਤੇ ਉਹਨਾਂ ਨੂੰ ਨਿੱਜੀ ਅਤੇ ਪੇਸ਼ੇਵਰ ਤੌਰ 'ਤੇ ਵਿਕਾਸ ਕਰਨ ਵਿੱਚ ਵੀ ਮਦਦ ਕਰ ਸਕਦੀਆਂ ਹਨ। ਉਸਨੇ ਕਿਹਾ ਕਿ ਇੱਥੇ ਬੈਠਣ ਦੀ ਬਿਹਤਰ ਵਿਵਸਥਾ ਹੋਣੀ ਚਾਹੀਦੀ ਹੈ ਅਤੇ ਲਾਇਬ੍ਰੇਰੀ ਦਾ ਵਿਸਤਾਰ ਕਰਨਾ ਚਾਹੀਦਾ ਹੈ।






ਭਾਈ ਮੋਹਨ ਸਿੰਘ ਵੈਦ ਅਤੇ ਮੈਮੋਰੀਅਲ ਲਾਇਬ੍ਰੇਰੀ ਬਾਰੇ

7 ਮਾਰਚ 1881 ਨੂੰ ਤਰਨਤਾਰਨ ਵਿਖੇ ਜਨਮੇ ਭਾਈ ਮੋਹਨ ਸਿੰਘ ਵੈਦ (1881-1936) ਇੱਕ ਲੇਖਕ, ਉਪਦੇਸ਼ਕ, ਪੁਸਤਕ ਸੰਗ੍ਰਹਿਕਾਰ, ਅਤੇ ਸਮਾਜ ਸੁਧਾਰਕ ਸਨ। ਉਹ ਭਾਈ ਜੈਮਲ ਸਿੰਘ (1843-1919) ਦੇ ਚਾਰ ਪੁੱਤਰਾਂ ਵਿੱਚੋਂ ਸਭ ਤੋਂ ਛੋਟਾ ਸੀ, ਜੋ ਇੱਕ ਲੰਬੇ ਸਮੇਂ ਤੋਂ ਵੈਦ (ਆਯੁਰਵੇਦ ਜਾਂ ਭਾਰਤੀ ਦਵਾਈ ਪ੍ਰਣਾਲੀ ਦਾ ਅਭਿਆਸੀ) ਸੀ। ਤਰਨ-ਤਾਰਨ ਦੇ ਗੁਰਮੁਖੀ ਵਿਦਿਆਲਿਆ ਵਿੱਚ ਆਪਣੀ ਮੁਢਲੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ, ਮੋਹਨ ਸਿੰਘ ਨੇ ਰਸਮੀ ਸਿੱਖਿਆ ਪ੍ਰਾਪਤ ਨਹੀਂ ਕੀਤੀ। ਹਾਲਾਂਕਿ ਉਸਨੇ ਘਰ ਵਿੱਚ ਸਿੱਖ ਇਤਿਹਾਸ ਅਤੇ ਧਰਮ ਦੀਆਂ ਕਿਤਾਬਾਂ ਦਾ ਅਧਿਐਨ ਕੀਤਾ ਅਤੇ ਪੰਡਿਤ ਜੈ ਡਾਇਲ ਅਤੇ ਸੰਤ ਈਸ਼ਰ ਸਿੰਘ ਤੋਂ ਸਿੱਖਿਆ ਲੈਣ ਤੋਂ ਪਹਿਲਾਂ ਆਪਣੇ ਪਿਤਾ ਨਾਲ ਆਯੁਰਵੇਦ ਦਾ ਅਧਿਐਨ ਕੀਤਾ।

ਭਾਈ ਮੋਹਨ ਸਿੰਘ ਵੈਦ ਨੇ ਰਾਜਨੀਤੀ, ਅਰਥ ਸ਼ਾਸਤਰ, ਮਨੋਵਿ-ਗਿਆਨ, ਸਮਾਜ ਸੁਧਾਰ, ਦਵਾਈ ਅਤੇ ਸਿਹਤ ਸੰਭਾਲ ਸਮੇਤ ਵੱਖ-ਵੱਖ ਵਿਸ਼ਿਆਂ 'ਤੇ ਲਗਭਗ 200 ਟ੍ਰੈਕਟ ਅਤੇ ਕਿਤਾਬਾਂ ਲਿਖੀਆਂ। ਕਈ ਨਾਵਲਾਂ, ਕਹਾਣੀਆਂ, ਲੇਖਾਂ ਅਤੇ ਨਾਟਕਾਂ ਨੂੰ ਲਿਖਣ ਤੋਂ ਇਲਾਵਾ, ਉਸਨੇ ਕਈ ਪੱਛਮੀ ਕਲਾਸਿਕਾਂ ਦਾ ਅਨੁਵਾਦ ਵੀ ਕੀਤਾ। ਉਸਦੀਆਂ ਕਿਤਾਬਾਂ, ਰਸਾਲਿਆਂ, ਪੈਂਫਲੇਟਾਂ ਅਤੇ ਅਖਬਾਰਾਂ ਦਾ ਬਹੁਤ ਸਾਰਾ ਸੰਗ੍ਰਹਿ ਉਸ ਦੇ ਵੰਸ਼ਜਾਂ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਦਾਨ ਕੀਤਾ ਗਿਆ ਹੈ, ਅਤੇ ਇਹ ਉੱਤਰੀ ਭਾਰਤ ਵਿੱਚ ਇੱਕ ਦੁਰਲੱਭ ਪੁਸਤਕ-ਸੂਚੀ ਦਾ ਸਰੋਤ ਹੈ।


ਭਾਈ ਮੋਹਨ ਸਿੰਘ ਵੈਦ 3 ਅਕਤੂਬਰ 1936 ਨੂੰ ਤਰਨਤਾਰਨ ਵਿਖੇ ਅਕਾਲ ਚਲਾਣਾ ਕਰ ਗਏ ਸਨ। ਭਾਈ ਮੋਹਨ ਸਿੰਘ ਵੈਦ ਯਾਦਗਾਰੀ ਲਾਇਬ੍ਰੇਰੀ ਦੀ ਸਥਾਪਨਾ ਭਾਈ ਮੋਹਨ ਸਿੰਘ ਦੇ ਪੁੱਤਰ ਸੁਖਵੀਰ ਸਿੰਘ ਨੇ 1992 ਵਿੱਚ ਇੱਕ



CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਜਿੱਤਣ ਲਈ ਨਹੀਂ, ਹਾਰਨ ਲਈ ਵੀ ਚੋਣ ਲੜਦੇ ਨੇ ਕੁੱਝ ਉਮੀਦਵਾਰ




-ਪ੍ਰੀਤ ਗੁਰਪ੍ਰੀਤ -

: ਉਹ ਹਾਰ ਤੋਂ ਦੁਖੀ ਨਹੀਂ ਹੁੰਦਾ, ਸਗੋਂ ਖੁਸ਼ ਰਹਿੰਦਾ ਹੈ...

ਜਿੱਤਣ ਲਈ ਨਹੀਂ, ਹਾਰਨ ਲਈ ਵੀ ਚੋਣ ਲੜਦੇ ਨੇ ਕੁੱਝ ਉਮੀਦਵਾਰ

ਆਮ ਤੌਰ 'ਤੇ ਹਰ ਵਿਅਕਤੀ ਚੋਣ ਜਿੱਤਣ ਲਈ ਲੜਦਾ ਹੈ, ਪਰ ਇੱਕ ਅਜਿਹਾ ਵਿਅਕਤੀ ਵੀ ਹੈ ਜੋ ਚੋਣ ਹਾਰਨ ਲਈ ਲੜਦਾ ਹੈ। ਉਹ ਹਾਰ ਤੋਂ ਦੁਖੀ ਨਹੀਂ ਹੁੰਦਾ, ਸਗੋਂ ਖੁਸ਼ ਰਹਿੰਦਾ ਹੈ। ਹੁਣ ਤੱਕ ਉਹ 238 ਚੋਣਾਂ ਹਾਰ ਚੁੱਕੇ ਹਨ। ਇਹ ਵਿਅਕਤੀ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੋਂ ਲੈ ਕੇ ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ ਤੱਕ ਸਾਰਿਆਂ ਦੇ ਖਿਲਾਫ ਚੋਣ ਲੜ ਚੁੱਕਾ ਹੈ। ਇਸ ਵਿਅਕਤੀ ਦਾ ਨਾਮ ਹੈ- ਕੇ. ਪਦਮਰਾਜਨ।

ਕੌਣ ਹੈ ਕੇ ਪਦਮਰਾਜਨ?

ਕੇ. ਪਦਮਰਾਜਨ ਤਾਮਿਲਨਾਡੂ ਦਾ ਰਹਿਣ ਵਾਲਾ ਹੈ। ਉਹ 239ਵੀਂ ਵਾਰ ਚੋਣ ਲੜਨ ਜਾ ਰਹੇ ਹਨ। ਉਹ ਧਰਮਪੁਰੀ ਲੋਕ ਸਭਾ ਸੀਟ ਤੋਂ ਚੋਣ ਲੜ ਰਹੇ ਹਨ। ਪਦਮਰਾਜਨ ਦਾ ਕਹਿਣਾ ਹੈ ਕਿ ਹੁਣ ਤੱਕ ਮੈਂ 239 ਨਾਮਜ਼ਦਗੀਆਂ ਦਾਖਲ ਕੀਤੀਆਂ ਹਨ। ਮੈਨੂੰ ਹਾਰਨਾ ਪਸੰਦ ਹੈ।

ਪਦਮਰਾਜਨ ਨੇ ਵੀ ਚੋਣ ਲੜਨ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਵਿਸ਼ਵ ਰਿਕਾਰਡ ਬਣਾਉਣ ਲਈ ਚੋਣ ਲੜ ਰਹੇ ਹਨ। ਉਸ ਨੇ ਇੱਕ ਚੋਣ ਵਿੱਚ ਸਭ ਤੋਂ ਵੱਧ 6000 ਵੋਟਾਂ ਪ੍ਰਾਪਤ ਕੀਤੀਆਂ।

ਪਦਮਰਾਜਨ ਨੇ ਕਿਹਾ ਕਿ ਹੁਣ ਤੱਕ ਉਹ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਡੀਐੱਮਕੇ ਮੁਖੀ ਕਰੁਣਾਨਿਧੀ, ਅੰਨਾਡੀਐੱਮਕੇ ਮੁਖੀ ਜੈਲਲਿਤਾ ਅਤੇ ਬੀਐੱਸ ਯੇਦੀਯੁਰੱਪਾ ਖ਼ਿਲਾਫ਼ ਚੋਣਾਂ ਲੜ ਚੁੱਕੇ ਹਨ।

ਉਸ ਦਾ ਕਹਿਣਾ ਹੈ ਕਿ ਉਹ ਚੋਣ ਜਿੱਤਣਾ ਨਹੀਂ ਚਾਹੁੰਦਾ, ਸਿਰਫ਼ ਹਾਰਨਾ ਚਾਹੁੰਦਾ ਹੈ। ਉਸ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਚੋਣ ਹਾਰਨ ਵਾਲਾ ਵੀ ਕਿਹਾ ਜਾਂਦਾ ਹੈ।

'ਚੋਣਾਂ ਲੜਨ 'ਤੇ ਹੁਣ ਤੱਕ ਖਰਚ ਕੀਤੇ ਇਕ ਕਰੋੜ ਰੁਪਏ'

ਪਦਮਰਾਜਨ ਨੇ ਕਿਹਾ ਕਿ ਸਫਲਤਾ ਦਾ ਅਨੁਭਵ ਸਿਰਫ ਇੱਕ ਵਾਰ ਕੀਤਾ ਜਾ ਸਕਦਾ ਹੈ, ਪਰ ਅਸਫਲਤਾ ਲਗਾਤਾਰ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ 1988 ਤੋਂ ਹੁਣ ਤੱਕ ਉਹ ਚੋਣ ਲੜਨ ਲਈ, ਇੱਕ ਕਰੋੜ ਰੁਪਏ ਖਰਚ ਕਰ ਚੁੱਕੇ ਹਨ। ਇਸ ਵਿੱਚ ਸੁਰੱਖਿਆ ਡਿਪਾਜ਼ਟਿ ਵੀ ਸ਼ਾਮਲ ਹੈ।

'ਭਵਿੱਖ 'ਚ ਵੀ ਲੜਦੇ ਰਹਾਂਗੇ ਚੋਣ'

ਪਦਮਰਾਜਨ ਨੇ ਦੱਸਿਆ ਕਿ ਉਹ ਆਪਣੇ ਘਰ ਦੇ ਨੇੜੇ ਹੀ ਪੰਕਚਰ ਦੀ ਛੋਟੀ ਦੁਕਾਨ ਚਲਾਉਂਦਾ ਹੈ। ਇਸ ਤਰ੍ਹਾਂ ਉਹ ਆਪਣੀ ਆਮਦਨ ਕਮਾਉਂਦੇ ਹਨ। ਉਹ ਇਸ ਪੈਸੇ ਨਾਲ ਨਾਮਜ਼ਦਗੀਆਂ ਵੀ ਕਰਨਗੇ। ਉਸ ਨੇ ਦੱਸਿਆ ਕਿ ਉਹ ਵਾਰਡ, ਨਿਗਮ ਅਤੇ ਪ੍ਰਧਾਨਗੀ ਸਮੇਤ ਕਈ ਚੋਣਾਂ ਲੜ ਚੁੱਕੇ ਹਨ। ਉਹ ਭਵਿੱਖ ਵਿੱਚ ਵੀ ਚੋਣ ਲੜਦੇ ਰਹਿਣਗੇ।

ਲਿਮਕਾ ਬੁੱਕ ਆਫ ਰਿਕਾਰਡਜ਼ ਵਿੱਚ ਨਾਮ ਦਰਜ

ਪਦਮਰਾਜਨ ਦਾ ਨਾਂ ਲਿਮਕਾ ਬੁੱਕ ਆਫ ਰਿਕ-ਾਰਡਜ਼ 'ਚ ਦਰਜ ਹੈ। ਉਹ ਦੇਸ਼ ਦੇ ਸਭ ਤੋਂ ਅਸਫਲ ਉਮੀਦਵਾਰ ਹਨ। ਉਨ੍ਹਾਂ ਨੂੰ 2011 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੇਟੂਰ ਤੋਂ 6273 ਵੋਟਾਂ ਮਿਲੀਆਂ ਸਨ। ਇਸ 'ਤੇ ਪਦਮਰਾਜਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਚੋਣ 'ਚ ਇਕ ਵੀ ਵੋਟ ਦੀ ਉਮੀਦ ਨਹੀਂ ਸੀ।

The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services


URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE

CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED IN YOUR NEIGHBOURHOOD

**Sandalwood & Sunny Meadow Blvd**




ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੋਰਨਰ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

**James Potter/Queen/Bonnie Brae**




ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਂਡ੍ਰਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Bramalea/Father Tobin /Fernfor**



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਂਡ੍ਰਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232
JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT

LOCAL & LONG DISTANCE MOVING

H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES

# Asian Food Centre

WE'RE HERE TO SERVE ONLY THE BEST PRODUCTS FOR YOU.

# FRESH FRUITS & VEGETABLES

Healthy & fresh grocery



Variety of Indian Sweets Available

OPEN NOW

340 Woodlawn RD
Guelph, N1H 7K6

| ETOBICOKE | MISSISSAUGA | BRAMPTON | BRAMPTON | BRAMPTON |
|---|---|---|---|---|
| 10 Westmore Dr. (MEAT SHOP AVAILABLE) 416-740-3262 | 1075 Ceremonial Dr (MEAT SHOP AVAILABLE) 905-502-1600 | 621 Wanless Dr. (MEAT SHOP AVAILABLE) 905-495-3336 | 2120 N Park Dr. (MEAT SHOP AVAILABLE) 905-793-1338 | 80 Pertosa Dr. 905-460-0009 |

TOLL FREE 1-800-708-9232

| BRAMPTON | BRAMPTON | BRAMPTON | GUELPH |
|---|---|---|---|
| 40 Airport RD & Lacoste Blvd. (MEAT SHOP AVAILABLE) 905-794-8109 | 10510 Torbram Rd. 905-790-0030 | 10 Pannahill Dr. (MEAT SHOP AVAILABLE) 905-913-8017 | 340 Woodlawn Rd W 226-669-0004 |

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media